# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਬੁੱਧਵਾਰ, ਮਿਤੀ 26 ਦਸੰਬਰ, 2012 ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਅ.ਸ. ਬਰਾੜ . . . (ਸਭਾਪਤੀ)
   ਉਪ-ਕੁਲਪਤੀ
2. ਡਾ. ਰਜਿੰਦਰਜੀਤ ਕੌਰ,
   ਡੀਨ, ਅਕਾਦਮਿਕ ਮਾਮਲੇ
3. ਡਾ. ਸਤਿੰਦਰ ਕੌਰ,
   ਡੀਨ, ਅਪਲਾਈਡ ਸਾਇੰਸਜ਼ ਫੈਕਲਟੀ
4. ਡਾ. ਸੁਲੱਖਣ ਸਿੰਘ,
   ਡੀਨ, ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ
5. ਡਾ. ਪੀ.ਕੇ. ਸਹਿਜਪਾਲ,
   ਪ੍ਰੋਫੈਸਰ ਅਤੇ ਮੁਖੀ, ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ
6. ਡਾ. ਕੁਲਦੀਪ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਪੋਲੀਟੀਕਲ ਸਾਇੰਸ ਵਿਭਾਗ,
7. ਸ. ਵਰਿਆਮ ਸਿੰਘ,
   ਪ੍ਰਿੰਸੀਪਲ, ਬਾਬਾ ਬੁੱਢਾ ਕਾਲਜ, ਬੀੜ ਸਾਹਿਬ, ਤਰਨ-ਤਾਰਨ
8. ਡਾ. ਨੀਲਮ ਸੇਠੀ,
   ਪ੍ਰਿੰਸੀਪਲ, ਪੰ. ਮੋਹਨ ਲਾਲ ਐਸ.ਡੀ. ਕਾਲਜ ਫਾਰ ਵੂਮੈਨ, ਗੁਰਦਾਸਪੁਰ
9. ਸ੍ਰੀਮਤੀ ਸੁਨੀਤਾ ਸਹਿਗਲ ਢਿੱਲੋਂ,
   ਪ੍ਰਿੰਸੀਪਲ, ਗੌਰਮਿੰਟ ਕਾਲਜ, ਅਜਨਾਲਾ
10. ਸ. ਰਜਿੰਦਰ ਮੋਹਨ ਸਿੰਘ ਛੀਨਾ, ਅੰਮ੍ਰਿਤਸਰ
11. ਸ. ਜਗਦੀਸ਼ ਸਿੰਘ, ਅੰਮ੍ਰਿਤਸਰ
12. ਡਾ. ਇੰਦਰਜੀਤ ਸਿੰਘ . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸਿੰਡੀਕੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ-ਸ੍ਰੀਮਤੀ ਨਿਰਮਲਜੀਤ ਕੌਰ ਗਰੇਵਾਲ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਉਪ-ਕੁਲਪਤੀ ਸਾਹਿਬ ਨੇ ਦਸਿੱਆ ਕਿ ਸਿੰਡੀਕੇਟ ਉੱਤੇ ਸ੍ਰੀਮਤੀ ਸੁਨੀਤਾ ਸਹਿਗਲ ਢਿੱਲੋਂ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 30.10.2012 ਦੀ ਕਾਰਵਾਈ ਦੀ ਪੁਸ਼ਟੀ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 30.10.2012 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 30.10.2012 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਮਿਤੀ 30.10.2012 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ।

**ਸਬੰਧਤ ਅਧਿਆਪਕ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪੁਸ਼ਟੀ।**

3. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕ ਨੂੰ, ਉਸ ਅੱਗੇ ਦਰਸਾਏ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਸਾਲ 2012-13 ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਦੀ ਪਰਵਾਨਗੀ ਦਿੱਤੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | ਡਾ. ਵਿਕਰਮ ਚੱਢਾ, ਪ੍ਰੋਫੈਸਰ ਅਤੇ ਮੁਖੀ, ਪੰਜਾਬ ਸਕੂਲ ਆਫ ਇਕਨਾਮਿਕਸ | 3rd IIMS International Conference on “Contemporary Issues in Managing Development” to be held in Bali, Indonesia from 18-21 November, 2012. |

**ਸਬੰਧਤ ਅਧਿਆਪਕਾਂ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ।**

4. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਸਬੰਧਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਅਹੁਦਾ | ਵਿਭਾਗ | ਜਿਸ ਮਿਤੀ ਤੱਕ ਨਿਯੁਕਤ ਕੀਤਾ ਜਾਣਾ ਹੈ। |
|---|---|---|---|
| 1. | ਡਾ. ਲਵਲੀਨ ਕੁਮਾਰ ਗਰੋਵਰ, ਐਸੋਸੀਏਟ ਪ੍ਰੋਫੈਸਰ | ਗਣਿਤ | ਮਿਤੀ 1.1.2013 ਤੋਂ 31.12.2015 ਤੱਕ |
| 2. | ਡਾ.(ਮਿਸਿਜ਼) ਸੁਨਿੰਦਰ ਤੁੰਗ, ਪ੍ਰੋਫੈਸਰ | ਮਨੋਵਿਗਿਆਨ | - ਉਹੀ - |
| 3. | ਡਾ. ਰਾਜੇਸ਼ ਕੁਮਾਰੀ, ਐਸੋਸੀਏਟ ਪ੍ਰੋਫੈਸਰ | ਮਾਈਕ੍ਰੋਬਿਆਲੋਜੀ | - ਉਹੀ - |
| 4. | ਡਾ. ਕਮਲੇਸ਼ ਸਿੰਘ ਦੁੱਗਲ, ਐਸੋਸੀਏਟ ਪ੍ਰੋਫੈਸਰ | ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ, ਰਿਜਨਲ ਕੈਂਪਸ, ਜਲੰਧਰ | ਮਿਤੀ 1.1.2013 ਤੋਂ ਮਿਤੀ 17.12.2015 ਤੱਕ (60 ਸਾਲ ਦੀ ਉਮਰ ਹੋਣ ਤੱਕ) |
| 5. | ਡਾ.(ਮਿਸਿਜ਼) ਜਸਮੀਤ ਸੰਧੂ, ਪ੍ਰੋਫੈਸਰ | ਸਮਾਜ ਸ਼ਾਸਤਰ | ਮਿਤੀ 1.1.2013 ਤੋਂ ਮਿਤੀ 22.11.2015 ਤੱਕ (60 ਸਾਲ ਦੀ ਉਮਰ ਹੋਣ ਤੱਕ) |

ਡਾ. ਬਲਵਿੰਦਰ ਸਿੰਘ, ਪ੍ਰੋਫੈਸਰ ਦੀ ਕੈਮਿਸਟਰੀ ਵਿਭਾਗ ਦੇ ਮੁਖੀ ਵਜੋਂ ਨਿਯੁਕਤੀ ਜਾਰੀ ਰੱਖਣ ਦੀ ਪਰਵਾਨਗੀ।

5. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 30.10.2012 ਦੇ ਪੈਰਾ 45 ਰਾਹੀਂ ਅਪਲਾਈਡ ਕੈਮੀਕਲ ਸਾਇੰਸਜ਼ ਅਤੇ ਟੈਕਨਾਲੋਜੀ ਵਿਭਾਗ ਨੂੰ ਕੈਮਿਸਟਰੀ ਵਿਭਾਗ ਵਿੱਚ ਮਿਤੀ 1.4.2013 ਤੋਂ Merge ਹੋਣ ਉਪਰੰਤ ਡਾ. ਬਲਵਿੰਦਰ ਸਿੰਘ, ਪ੍ਰੋਫੈਸਰ ਅਤੇ ਮੁਖੀ, ਕੈਮਿਸਟਰੀ ਵਿਭਾਗ ਨੂੰ ਸੀਨੀਅਰ ਅਧਿਆਪਕ ਹੋਣ ਕਾਰਣ ਮਿਤੀ 1.4.2013 ਤੋਂ ਰਹਿੰਦੀ ਟਰਮ ਮਿਤੀ 31.12.2014 ਤੱਕ ਕੈਮਿਸਟਰੀ ਵਿਭਾਗ ਦੇ ਮੁਖੀ ਵਜੋਂ ਜਾਰੀ ਰੱਖਿਆ ਜਾਂਦਾ ਹੈ।

ਡਾ. ਸੁਭੀਤ ਕੁਮਾਰ ਜੈਨ, ਐਸੋਸੀਏਟ ਪ੍ਰੋਫੈਸਰ, ਫਾਰਮਾਸਿਊਟੀਕਲ ਸਾਇੰਸਜ਼ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਪ੍ਰੀਤ ਮੋਹਿੰਦਰ ਸਿੰਘ ਬੇਦੀ, ਰੀਡਰ ਅਤੇ ਮੁਖੀ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੀ ਮਿਤੀ 30.10.2012 ਤੋਂ 26.11.2012 ਤੱਕ ਦੀ ਕਮਿਊਟਡ ਮੈਡੀਕਲ ਛੁੱਟੀ ਦੌਰਾਨ ਡਾ. ਸੁਭੀਤ ਕੁਮਾਰ ਜੈਨ ਨੂੰ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

ਡਾ. ਐਮ.ਜੇ. ਕਾਲੜਾ, ਅਸਿਸਟੈਂਟ ਪ੍ਰੋਫੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਦੀ ਉਕਤ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਵਜੋਂ ਨਿਯੁਕਤੀ ਦੀ ਪੁਸ਼ਟੀ।

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਐਮ.ਜੇ. ਕਾਲੜਾ, ਅਸਿਸਟੈਂਟ ਪ੍ਰੋਫੈਸਰ ਨੂੰ ਮਿਤੀ 1.12.2012 ਤੋਂ ਅਗਲੇ ਆਦੇਸ਼ਾਂ ਤੱਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਕਾਰਜਕਾਰੀ ਪ੍ਰਿੰਸੀਪਲ ਵਜੋਂ ਨਿਯੁਕਤ ਕੀਤਾ ਹੈ।

ਡਾ. ਹਰਮੀਨ ਕੌਰ, ਅਸਿਸਟੈਂਟ ਪ੍ਰੋਫੈਸਰ, ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਦੀ ਅਸਾਧਾਰਣ ਬਿਨ੍ਹਾ ਤਨਖਾਹ ਛੁੱਟੀ ਵਿਚ ਵਾਧੇ ਦੀ ਪੁਸ਼ਟੀ।

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਹਰਮੀਨ ਕੌਰ, ਅਸਿਸਟੈਂਟ ਪ੍ਰੋਫੈਸਰ, ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਦੀ ਮਿਤੀ 30.11.2012 ਤੋਂ 29.5.2013 ਤੱਕ (ਛੇ ਮਹੀਨੇ ਲਈ) ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਵਿਚ ਵਾਧਾ ਕੀਤਾ ਹੈ।

ਸਬੰਧਤ ਕਰਮਚਾਰੀਆਂ ਦੀ ਕੰਟ੍ਰੈਕਟ ਨਿਯੁਕਤੀ/ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ੍ਰੀ ਸੁਖਦੇਵ ਪਾਲ ਮਹਿਤਾ, ਸਟਾਫ ਨਰਸ (ਮੇਲ) (ਸੇਵਾ-ਮੁਕਤ), ਯੂਨੀਵਰਸਿਟੀ ਹੈਲਥ ਸੈਂਟਰ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 18.11.2012 ਅਤੇ 19.11.2012 ਦੀ ਦੋ ਦਿਨ ਦੀ ਬ੍ਰੇਕ ਦਿੰਦੇ ਹੋਏ ਮਿਤੀ 20.11.2012 ਤੋਂ 19.11.2013 ਤੱਕ (ਇਕ ਸਾਲ ਲਈ) ਜਾਂ ਅਸਾਮੀ ਬਕਾਇਦਾ

ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ 12000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਮੁੜ-ਨਿਯੁਕਤ ਕੀਤਾ ਹੈ। ਉਸ ਦੀ ਇਹ ਨਿਯੁਕਤੀ ਡਿਊਟੀ ਤੇ ਹਾਜਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

(ਅ) ਸ੍ਰੀ ਬਲਬੀਰ ਸਿੰਘ, ਫੋਰਮੈਨ(ਮਕੈਨੀਕਲ) (ਸੇਵਾ-ਮੁਕਤ), ਉਸਾਰੀ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 16.11.2012 ਤੋਂ 18.11.2012 ਤੱਕ ਦੀ ਤਿੰਨ ਦਿਨ ਦੀ ਬ੍ਰੇਕ ਦਿੰਦੇ ਹੋਏ ਮਿਤੀ 19.11.2012 ਤੋਂ 18.5.2013 ਤੱਕ (ਛੇ ਮਹੀਨੇ ਲਈ) ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ। ਉਸ ਦੀ ਇਹ ਨਿਯੁਕਤੀ ਡਿਊਟੀ 'ਤੇ ਹਾਜਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

**ਡਾ. ਅਬਦੁਲ ਫਾਰੂਕ, ਅਸਿਸਟੈਂਟ ਪ੍ਰੋਫੈਸਰ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੀ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਦੀ ਪਰਵਾਨਗੀ।**

10. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਅਬਦੁਲ ਫਾਰੂਕ, ਅਸਿਸਟੈਂਟ ਪ੍ਰੋਫੈਸਰ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ, ਜਿਸਨੂੰ HNB ਗੜਵਾਲ ਯੂਨੀਵਰਸਿਟੀ (ਉਤਰਾਖੰਡ) ਵਿਖੇ ਐਸੋਸੀਏਟ ਪ੍ਰੋਫੈਸਰ ਵਜੋਂ ਜਾਇਨ ਕਰਨ ਹਿਤ ਮਿਤੀ 28.4.2012 ਤੋਂ 28.3.2013 ਤੱਕ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਪਰਦਾਨ ਕੀਤੀ ਗਈ ਸੀ, ਦੀ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਵਿਚ ਮਿਤੀ 29.3.2013 ਤੋਂ 28.4.2013 ਤੱਕ ਇੱਕ ਮਹੀਨੇ ਲਈ ਵਾਧਾ ਕੀਤਾ ਜਾਂਦਾ ਹੈ।

**ਸਬੰਧਤ ਕਰਮਚਾਰੀਆਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧਾ/ ਮੁੜ-ਨਿਯੁਕਤੀ।**

11. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸ੍ਰੀ ਅਜੀਤ ਸਿੰਘ, ਮੰਡਲ ਲੇਖਾਕਾਰ (ਸੇਵਾ-ਮੁਕਤ), ਉਸਾਰੀ ਵਿਭਾਗ, ਜਿਸ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਮਿਤੀ 31.12.2012 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਛੇ ਮਹੀਨੇ ਦਾ ਵਾਧਾ ਕੀਤਾ ਜਾਂਦਾ ਹੈ।

(ਅ) ਸ੍ਰੀ ਗੁਲਸ਼ਨ ਕੁਮਾਰ, ਸੀਨੀਅਰ ਸਕੇਲ ਸਟੈਨੋਗ੍ਰਾਫਰ, ਆਡਿਟ ਸ਼ਾਖਾ, ਜੋ ਕਿ ਮਿਤੀ 31.12.2012 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਿਹਾ ਹੈ, ਨੂੰ ਮਿਤੀ 3.1.2013 ਤੋਂ ਛੇ ਮਹੀਨੇ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਕੰਟ੍ਰੈਕਟ ਆਧਾਰ ਤੇ ਮੁੜ-ਨਿਯੁਕਤ ਕੀਤਾ ਜਾਂਦਾ ਹੈ।

**ਸੈਸ਼ਨ 2013-14 ਤੋਂ ਐਮ.ਐਸ.ਸੀ. ਕੈਮਿਸਟਰੀ (ਪੋਲੀਮਰ ਸਾਇੰਸਜ਼) ਕੋਰਸ ਨੂੰ Kept in abeyance ਰੱਖਣ ਦੀ ਪਰਵਾਨਗੀ।**

12. ਬੋਰਡ ਆਫ ਕੰਟਰੋਲ ਦੀ ਇੱਕਤਰਤਾ ਮਿਤੀ 5.11.2012 ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਕੈਮਿਸਟਰੀ ਵਿਭਾਗ ਵਿਖੇ ਚਲ ਰਹੇ ਐਮ.ਐਸ.ਸੀ. ਕੈਮਿਸਟਰੀ (ਪੋਲੀਮਰ ਸਾਇੰਸਜ਼) ਕੋਰਸ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਲੋੜ੍ਹ ਤੋਂ ਕਾਫੀ ਘੱਟ ਹੋਣ ਕਰਕੇ ਸੈਸ਼ਨ 2013-14 ਤੋਂ ਉਕਤ ਕੋਰਸ ਨੂੰ kept in abeyance ਰੱਖਿਆ ਜਾਂਦਾ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ, ਯੂਨੀਵਰਸਿਟੀ ਕਾਲਜ, ਜਲੰਧਰ ਅਤੇ ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ ਵਿਖੇ ਸੈਸ਼ਨ 2013-14 ਤੋਂ ਐਮ.ਕਾਮ., ਬੀ.ਕਾਮ. ਅਤੇ ਬੀ.ਕਾਮ. (ਪ੍ਰੋਫੈਸ਼ਨਲ) ਦੀਆਂ ਸ਼ਾਮ ਦੀਆਂ ਕਲਾਸਾਂ ਦੇ ਯੂਨਿਟ ਸ਼ੁਰੂ ਕਰਨ ਦੀ ਪੁਸ਼ਟੀ।

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ, ਯੂਨੀਵਰਸਿਟੀ ਕਾਲਜ, ਜਲੰਧਰ ਅਤੇ ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ ਵਿਖੇ ਸੈਸ਼ਨ 2013-14 ਤੋਂ ਐਮ.ਕਾਮ., ਬੀ.ਕਾਮ. ਅਤੇ ਬੀ.ਕਾਮ. (ਪ੍ਰੋਫੈਸ਼ਨਲ) ਦੀਆਂ ਸ਼ਾਮ ਦੀਆਂ ਕਲਾਸਾਂ ਦੇ ਦੋ-ਦੋ ਯੂਨਿਟ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਹੈ।

ਸਬੰਧਤ ਵਿਭਾਗਾਂ ਦਾ ਸਮਾਨ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

14. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਵਿਖੇ 627290/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 25.10.2012 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ਅ) ਗਰਲਜ਼ ਹੋਸਟਲ ਨੰ: 1 ਵਿਖੇ 267967/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 19.11.2012 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਸ੍ਰੀ ਪਵਨ ਕੁਮਾਰ, ਸੀਨੀਅਰ ਐਡਵੋਕੇਟ, ਚੰਡੀਗੜ੍ਹ ਨੂੰ 55000/- ਰੁਪਏ ਲੀਗਲ ਫੀਸ ਦੀ ਅਦਾਇਗੀ ਦੀ ਪੁਸ਼ਟੀ।

15. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਦਾਖਲ ਰਿਟ ਪਟੀਸਨ CWP No. 13115 of 2012 Naresh Kumar & Others Vs. G.N.D.University & Ors. ਲਈ ਨਿਯੁਕਤ ਸ੍ਰੀ ਪਵਨ ਕੁਮਾਰ, ਸੀਨੀਅਰ ਐਡਵੋਕੇਟ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਨੂੰ 55000/- ਰੁਪਏ ਲੀਗਲ ਫੀਸ ਦੀ ਅਦਾਇਗੀ ਦੀ ਪਰਵਾਨਗੀ ਦਿੱਤੀ ਹੈ।

MBE- 4th Semester ਦੇ ਵਿਦਿਆਰਥੀ- Salim Anwar ਅਤੇ Kartikey Shukla ਨੂੰ ਜੁਰਮਾਨਾ ਫੀਸ ਸਹਿਤ ਪ੍ਰੋਜੈਕਟ ਰਿਪੋਰਟ ਜਮਾਂ ਕਰਾਉਣ ਦੀ ਪੁਸ਼ਟੀ।

16. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2009-11 ਦੌਰਾਨ New Delhi Institute of Management, New Delhi ਦੇ MBE-4th Semester ਦੇ ਵਿਦਿਆਰਥੀ- Salim Anwar ਰੋਲ ਨੰ: 893010 ਅਤੇ

Kartikey Shukla ਰੋਲ ਨੰ: 892988, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 31.3.2011 ਤੱਕ ਆਪਣੀ ਪ੍ਰੋਜੈਕਟ ਰਿਪੋਰਟ ਜਮ੍ਹਾਂ ਨਹੀਂ ਕਰਵਾ ਸਕੇ, ਦੇ ਅਕਾਦਮਿਕ ਭੱਵਿਖ ਨੂੰ ਮੁੱਖ ਰੱਖਦਿਆਂ, ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨਾ ਫੀਸ ਸਹਿਤ ਕੁੱਲ 19200/- ਰੁਪਏ ਨਾਲ ਪ੍ਰੋਜੈਕਟ ਰਿਪੋਰਟ ਜਮਾਂ ਕਰਾਉਣ ਦੀ ਪਰਵਾਨਗੀ ਦਿੱਤੀ ਹੈ।

ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ/ ਇੰਸਟੀਚਿਊਟਸ ਵਿਖੇ ਜੰਮੂ ਕਸ਼ਮੀਰ ਤੋਂ ਆਏ ਵਿਦਿਆਰਥੀਆਂ ਨੂੰ ਦਾਖਲਾ ਦੇਣ ਲਈ Supernumerary ਕੋਟੇ ਅਧੀਨ 2 ਸੀਟਾਂ ਦੀ ਵਿਵਸਥਾ ਕਰਨ ਦੀ ਪਰਵਾਨਗੀ।

17. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂ.ਜੀ.ਸੀ. ਵੱਲੋਂ ਜਾਰੀ ਪੱਤਰ ਨੰ: F.1-1/2012 (SA-III) ਮਿਤੀ 19.10.2012 (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਜੰਮੂ ਕਸ਼ਮੀਰ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਦੇਣ ਲਈ ਇਸ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ/ ਇੰਸਟੀਚਿਊਟਸ ਵਿਖੇ Supernumerary ਕੋਟੇ ਅਧੀਨ 2 ਸੀਟਾਂ ਦੀ ਵਿਵਸਥਾ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ ਅਤੇ ਗੁਰਦਾਸਪੁਰ ਵਿਖੇ ਐਮ.ਟੈਕ. ਕੋਰਸ ਸ਼ੁਰੂ ਕਰਨ ਦੀ ਪਰਵਾਨਗੀ।

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਨੁੱਖੀ ਸੰਸਾਧਨ ਅਤੇ ਵਿਕਾਸ ਮੰਤਰਾਲਾ ਵੱਲੋਂ Technical Education Quality Improvement Programme (TEQIP) ਅਧੀਨ ਗ੍ਰਾਂਟ ਪ੍ਰਾਪਤ ਕਰਨ ਲਈ ਚਾਰ ਇੰਜੀਨਅਰਿੰਗ ਕੋਰਸ ਹੋਣ ਦੀ ਸ਼ਰਤ ਪੂਰੀ ਕਰਨ ਹਿਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ ਅਤੇ ਗੁਰਦਾਸਪੁਰ ਵਿਖੇ ਸੈਸ਼ਨ 2013-14 ਤੋਂ ਐਮ.ਟੈਕ.(ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ) ਅਤੇ ਐਮ.ਟੈਕ.(ਇਲੈਕਟ੍ਰੋਨਿਕਸ ਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ) ਕੋਰਸ (ਪਹਿਲੀ ਵਾਰ 46 ਸੀਟਾਂ ਹਰੇਕ ਕੋਰਸ) ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

Basic Punjabi ਵਿਸ਼ਾ ਲਾਗੂ ਕਰਨ ਸਬੰਧੀ ਯੂਨੀਵਰਸਿਟੀ ਕੈਲੰਡਰ ਵਿਚ ਸੋਧ ਦੀ ਪਰਵਾਨਗੀ।

19. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 4.9.2012 ਦੇ ਪੈਰਾ ਨੰ: 39(XVI) (IX) ਰਾਹੀਂ ਸੈਸ਼ਨ 2012-13 ਤੋਂ ਯੂਨੀਵਰਸਿਟੀ ਵੱਲੋਂ 'Punjab History and Culture' ਵਿਸ਼ੇ ਦੀ ਥਾਂ 'Basic Punjabi' ਵਿਸ਼ਾ ਲਾਗੂ ਕਰਨ ਸਬੰਧੀ ਲਏ ਗਏ ਨਿਰਣੇ ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ਦੇ ਪੰਨਾ 40 ਉੱਤੇ ਅਧਿਆਦੇਸ਼ ਵਿਚ **ਅੰਤਿਕਾ** ਅਨੁਸਾਰ ਸੋਧ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।

20. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਆਭਾ ਚੌਧਰੀ | Chemical Investigations of Cedrus deodara, Albizzia chinensis, podophyllum hexandrum and Synthetic Modification of Himachalenes and their Biological Activities. | ਕੈਮਿਸਟਰੀ- ਸਾਇੰਸਜ਼ ਫੈਕਲਟੀ। |
| 2. | ਪੰਕਜ ਚੌਹਾਨ | Enantioselective Carbon-Carbon Bond Formation Catalyzed by Cinchona-Derived Organocatalysts. | - ਉਹੀ - |
| 3. | ਮਹੇਂਦਰ ਰੈਡੀ ਡੀ. | Isolation, Design and Synthesis of Anticancer Compounds Based on Natural Products and Peptides. | - ਉਹੀ - |
| 4. | ਉਪੇਂਦਰ ਸ਼ਰਮਾ | Phytochemical Investigations of Tinospora cordifolia, Asparagus racemosus and Synthesis of Phthalimide Derivatives for Immunomodulatory Active Molecules. | - ਉਹੀ - |
| 5. | ਪ੍ਰਿਅੰਕਾ ਮਹਾਜਨ | Trends and Determinants of Balance of payments in India. | ਇਕਨਾਮਿਕਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 6. | ਪਾਰਸ ਸ਼ਰਮਾ | Processing and Utilization of Barley (Hordeum vulgare L.) in Human Foods for its β-Glucan Content. | ਫੂਡ ਸਾਇੰਸ ਤੇ ਟੈਕਨਾਲੋਜੀ- ਅਪਲਾਈਡ ਸਾਇੰਸਜ਼ ਫੈਕਲਟੀ। |
| 7. | ਸਮੀਤੀ ਬਰਾੜ | Performance Evaluation of Mutual Funds in India. | ਬਿਜ਼ਨੈਸ ਐਡਮਿਨਿਸਟ੍ਰੇਸ਼ਨ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 8. | ਸ਼ੈਲਜਾ ਸੈਲੀ | Punjab ke Hindi Sahitya Ki Chintandhara Mein Parmukh Chintkon Ka Avdaan. | ਹਿੰਦੀ- ਲੈਂਗੂਏਜ਼ਿਜ਼ ਫੈਕਲਟੀ। |
| 9. | ਸਤਿਅਮ ਕੁਮਾਰ ਅਗਰਵਾਲ | Studies on Anticancer Potential of Erythrina suberosa Roxb. and Anagallis arvensis L. | ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼- ਲਾਈਫ ਸਾਇੰਸਜ਼ ਫੈਕਲਟੀ। |
| 10. | ਕੁਲਵੀਰ ਕੌਰ | Role of University Libraries in support of Social Science Research: A Comparative Study of Panjab, Punjabi & Guru Nanak Dev Universities. | ਲਾਇਬ੍ਰੇਰੀ ਤੇ ਇਨਫਰਮੇਸ਼ਨ ਸਾਇੰਸ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |

| | | | |
|---|---|---|---|
| 11. | ਰਮਨ ਕੁਮਾਰ | Cardiovascular Risk Factors and Familial Aggregation Blood Pressure in a Scheduled Caste Population of North-West Punjab. | ਹਿਊਮਨ ਜੈਨੇਟਿਕਸ-ਲਾਈਫ ਸਾਇੰਸਜ਼ ਫੈਕਲਟੀ। |
| 12. | ਕੁਲਵੰਤ ਕੌਰ | Prediction of System Behaviour for Modeling of an Object-Oriented System. | ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ-ਇੰਜੀਨੀਅਰਿੰਗ ਤੇ ਟੈਕਨਾਲੋਜੀ ਫੈਕਲਟੀ। |
| 13. | ਹਰਦੀਪ ਕਟਾਰੀਆ | Molecular Approaches to the Role of Wihtania somnifera(L.) Dunal in Neurooncology and Neuroexcitotoxicity. | ਬਾਇਓ-ਟੈਕਨਾਲੋਜੀ-ਲਾਈਫ ਸਾਇੰਸਜ਼ ਫੈਕਲਟੀ। |
| 14. | ਜਸਬੀਰ ਕੌਰ | Study of Physicochemical Properties of some Amino Acids and Peptides in Aqueous Solutions of Metal Halides. | ਅਪਲਾਈਡ ਕੈਮਿਸਟਰੀ-ਅਪਲਾਈਡ ਸਾਇੰਸਜ਼ ਫੈਕਲਟੀ। |
| 15. | ਸੁਖਦੇਵ ਸਿੰਘ | ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਲੋਕਾਂ ਦਾ ਸਮਾਜ-ਸਭਿਆਚਾਰਕ ਅਧਿਐਨ। | ਪੰਜਾਬੀ-ਲੈਂਗੂਏਜਿਜ਼ ਫੈਕਲਟੀ। |
| 16. | ਜਯੋਤੀ ਸ਼ਰਮਾ | ਪ੍ਰੀਤਮ ਸਿੰਘ ਸਫੀਰ-ਕਾਵਿ: ਵਿਧਾਗਤ ਅਧਿਐਨ। | - ਉਹੀ - |
| 17. | ਸੁਨੀਤਾ ਰਾਣੀ | ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਅਤੇ ਰਾਗਾਂ ਦਾ ਅੰਤਰ-ਸੰਬੰਧ: ਅਰਥ ਵਿਗਿਆਨਕ ਅਧਿਐਨ (ਰਾਗ ਤੁਖਾਰੀ ਅਤੇ ਰਾਗ ਬਸੰਤ ਵਿੱਚ ਸੰਪਾਦਿਤ ਬਾਣੀ ਦੇ ਆਧਾਰ ਤੇ) | - ਉਹੀ - |

**ਡਾ. ਸੁਖਦੇਵ ਸਿੰਘ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਸਰੀਰਕ ਸਿੱਖਿਆ ਵਿਭਾਗ(ਟੀਚਿੰਗ) ਦੀ ਛੁੱਟੀ ਦੌਰਾਨ ਵਿਭਾਗ ਦਾ ਕਾਰਜ ਭਾਰ ਡੀਨ, ਅਕਾਦਮਿਕ ਮਾਮਲੇ ਨੂੰ ਸੌਂਪਣ ਦੀ ਪੁਸ਼ਟੀ।**

21. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਸੁਖਦੇਵ ਸਿੰਘ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਸਰੀਰਕ ਸਿੱਖਿਆ ਵਿਭਾਗ(ਟੀਚਿੰਗ) ਦੀ ਮਿਤੀ 17.12.2012 ਤੋਂ 18.1.2013 ਤੱਕ ਛੁੱਟੀ ਦੌਰਾਨ ਵਿਭਾਗ ਦਾ ਨਿਤਾ ਪ੍ਰਤੀ ਕੰਮ ਦੇਖਣ ਲਈ ਉਕਤ ਵਿਭਾਗ ਦਾ ਕਾਰਜ ਭਾਰ ਡੀਨ, ਅਕਾਦਮਿਕ ਮਾਮਲੇ ਨੂੰ ਸੌਂਪਿਆ ਹੈ।

**ਉਪ-ਕੁਲਪਤੀ ਸਾਹਿਬ ਦਾ ਬਿਆਨ।**

22. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦਸਿਆ ਕਿ:-

1. ਯੂਨੀਵਰਸਿਟੀ ਵੱਲੋਂ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼, ਨਵੀਂ ਦਿੱਲੀ ਦੁਆਰਾ ਸਪਾਂਸਰਡ 28ਵਾਂ ਨਾਰਥ ਜ਼ੋਨ ਇੰਟਰ ਯੂਨੀਵਰਸਿਟੀ ਯੁਵਕ ਮੇਲਾ (ਗੁਲਦੱਸਤਾ ਯੂਨੀਫੈਸਟ-2012) ਮਿਤੀ 7-11 ਨਵੰਬਰ ਨੂੰ ਕਰਵਾਇਆ ਗਿਆ, ਜਿਸ ਵਿੱਚ ਉੱਤਰੀ ਭਾਰਤ ਦੀਆਂ 25 ਵੱਖ-ਵੱਖ ਯੂਨੀਵਰਸਿਟੀਆਂ ਤੋਂ ਤਕਰੀਬਨ 1200 ਵਿਦਿਆਰਥੀ-ਕਲਾਕਾਰਾਂ ਨੇ ਹਿੱਸਾ ਲਿਆ। ਇਸ ਮੇਲੇ ਦੀ ਓਵਰ ਆਲ ਚੈਂਪੀਅਨਸ਼ਿਪ ਟਰਾਫੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਜਿੱਤੀ ਹੈ। ਇਸ ਤੋਂ ਇਲਾਵਾ ਪੰਜ ਵੱਖ-ਵੱਖ ਖੇਤਰਾਂ ਸੰਗੀਤ, ਥੀਏਟਰ, ਡਾਂਸ,

ਲਿਟਰੇਰੀ ਅਤੇ ਫਾਈਨ ਆਰਟਸ ਦੀਆਂ ਟਰਾਫੀਆਂ ਵੀ ਇਸ ਯੂਨੀਵਰਸਿਟੀ ਨੇ ਹਾਸਲ ਕੀਤੀਆਂ ਹਨ ਜੋ ਕਿ ਯੂਨੀਵਰਸਿਟੀ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ।

**ਸਿੰਡੀਕੇਟ ਨੇ 28ਵਾਂ ਨਾਰਥ ਜੋਨ ਇੰਟਰ ਯੂਨੀਵਰਸਿਟੀ ਯੁਵਕ ਮੇਲੇ ਦਾ ਸਫਲਤਾ ਪੂਰਵਕ ਪ੍ਰਬੰਧ ਕਰਨ ਲਈ ਡੀਨ, ਅਕਾਦਮਿਕ ਮਾਮਲੇ, ਰਜਿਸਟਰਾਰ ਸਾਹਿਬ, ਡਾਇਰੈਕਟਰ, ਯੂਥ ਵੈਲਫੇਅਰ ਅਤੇ ਸਮੁੱਚੇ ਸਟਾਫ ਦੀ ਪ੍ਰਸ਼ੰਸਾ ਕੀਤੀ ਅਤੇ ਉਕਤ ਟ੍ਰਾਫੀਆਂ ਜਿੱਤਣ ਤੇ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ।**

2. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ 31 ਅਕਤੂਬਰ, 2012 ਤੋਂ ਬਾਅਦ ਹੁਣ ਤੱਕ ਯੂਨੀਵਰਸਿਟੀ ਦੇ ਕੁੱਲ 6 ਵਿਦਿਆਰਥੀਆਂ ਨੂੰ ਵੱਖ-ਵੱਖ ਕੰਪਨੀਆਂ ਦੁਆਰਾ ਰੋਜਗਾਰ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਤੋਂ ਇਲਾਵਾ ਇੰਡੀਅਨ ਆਰਮੀ ਵੱਲੋਂ ਆਈ.ਟੀ. ਕੋਰਸਾਂ ਦੇ 36 ਵਿਦਿਆਰਥੀਆਂ ਨੂੰ ਫਾਈਨਲ ਇੰਟਰਵਿਊ ਲਈ ਸ਼ਾਰਟਲਿਸਟ ਕੀਤਾ ਹੈ। ਇਸੇ ਤਰ੍ਹਾਂ ਦੇਸ਼ ਦੀ ਨਾਮਵਰ ਕੰਪਨੀ Trident ਦੁਆਰਾ MBA ਦੇ 7 ਵਿਦਿਆਰਥੀਆਂ ਨੂੰ 15 ਲੱਖ ਰੁਪਏ ਸਲਾਨਾ ਪੈਕੇਜ ਦੀ ਪੇਸ਼ਕਸ਼ ਕਰਦੇ ਹੋਏ ਫਾਈਨਲ ਇੰਟਰਵਿਊ ਲਈ ਸ਼ਾਰਟਲਿਸਟ ਕੀਤਾ ਗਿਆ ਹੈ।

3. Association of Food Scientist and Technologists ਵਲੋਂ ਪ੍ਰੋਫੈਸਰ ਨਰਪਿੰਦਰ ਸਿੰਘ, ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਨੂੰ AFST Fellow Award-2011 ਲਈ ਚੁਣਿਆ ਗਿਆ ਹੈ।

4. ਬੋਟਾਨੀਕਲ ਅਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਦੀ ਪ੍ਰੋਫੈਸਰ ਰੇਨੂੰ ਭਾਰਦਵਾਜ ਨੂੰ National Environmental Science Academy, New Delhi ਵਲੋਂ "Fellowship Award 2012" ਪ੍ਰਦਾਨ ਕੀਤਾ ਗਿਆ।

5. ਪ੍ਰੋਫੈਸਰ ਬੀ.ਐਸ. ਚੱਢਾ, ਮਾਈਕ੍ਰੋਬਿਆਲੋਜੀ ਵਿਭਾਗ ਨੂੰ American Society for Microbiology (ASM) ਵਲੋਂ ਸਾਲ 2013 ਲਈ Research Professorship Award ਪ੍ਰਦਾਨ ਕੀਤਾ ਗਿਆ ਹੈ। ਇਹ ਅਵਾਰਡ ਭਾਰਤ ਦੇ ਕੇਵਲ ਚਾਰ ਸਾਇੰਸਦਾਨਾਂ ਨੂੰ ਮਿਲਿਆ ਹੈ।

6. ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੇ ਡਾ. ਸੁਭੀਤ ਜੈਨ ਨੂੰ Science & Engineering Research Board, New Delhi ਵੱਲੋਂ "Development and Characterization of Carrier Based Nanogel Formulation for Skin Targeting of 5-FU" ਵਿਸ਼ੇ ਤੇ ਖੋਜ ਪ੍ਰੋਜੈਕਟ ਉਪਰ ਕੰਮ ਕਰਨ ਲਈ 17 ਲੱਖ ਰੁਪਏ ਦੀ ਗ੍ਰਾਂਟ ਮਨਜੂਰ ਹੋਈ ਹੈ। ਉਨ੍ਹਾਂ ਨੂੰ ਇੰਡੀਅਨ ਇੰਟਰਨੈਸ਼ਨਲ ਫਰੈਂਡਸ਼ਿਪ ਸੋਸਾਇਟੀ, ਨਵੀਂ ਦਿੱਲੀ ਵਲੋਂ ਭਾਰਤ ਜੋਤੀ ਅਵਾਰਡ ਲਈ ਵੀ ਚੁਣਿਆ ਗਿਆ ਹੈ।

7. ਪ੍ਰੋਫੈਸਰ ਜਸਪਾਲ ਸਿੰਘ ਸੰਧੂ, ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਵਿਭਾਗ ਨੇ Aspire Zone Foundation, Doha ਦੇ ਸੱਦੇ ਤੇ ਮਿਤੀ 12-15 ਨਵੰਬਰ ਨੂੰ ਹੋਈ Aspire4 Sports Congress ਵਿੱਚ ਵਿਸ਼ਾ ਮਾਹਿਰ ਵਜੋਂ ਹਿੱਸਾ ਲਿਆ। ਇਹ Congress ਸੰਨ 2022 ਨੂੰ ਹੋਣ ਵਾਲੇ FIFA World Cup ਦੌਰਾਨ ਸਿਹਤ ਸਮੱਸਿਆਵਾਂ ਵਿਸ਼ੇ ਤੇ ਵਿਚਾਰ-ਚਰਚਾ ਕਰਨ ਲਈ ਸੱਦੀ ਗਈ ਸੀ, ਜਿਸ ਵਿਚ ਦੁਨੀਆਂ ਭਰ ਤੋਂ ਤਕਰੀਬਨ 3000 ਡੈਲੀਗੇਟਾਂ ਨੇ ਹਿੱਸਾ ਲਿਆ।

8. ਪ੍ਰੋਫੈਸਰ ਵਿਕਰਮ ਚੱਢਾ, ਮੁੱਖੀ, ਪੰਜਾਬ ਸਕੂਲ ਆਫ ਇਕਨਾਮਿਕਸ ਨੇ ਮਿਤੀ 18 ਤੋਂ 21 ਨਵੰਬਰ ਨੂੰ ਇੰਡੋਨੇਸ਼ੀਆ ਵਿਖੇ ਹੋਈ ਇੰਡੀਅਨ ਇੰਸਟੀਚਿਊਟ

ਆਫ ਮੈਨੇਜਮੈਂਟ ਦੀ ਅੰਤਰਰਾਸ਼ਟਰੀ ਕਾਨਫਰੰਸ ਵਿਚ ਪ੍ਰਬੰਧਕੀ ਵਿਕਾਸ ਨੂੰ ਦਰਪੇਸ਼ ਚੁਣੌਤੀਆਂ ਵਿਸ਼ੇ ਤੇ ਖੋਜ ਪਰਚਾ ਪੇਸ਼ ਕੀਤਾ।

9. ਪੰਜਾਬੀ ਅਧਿਐਨ ਸਕੂਲ ਦੀ ਪ੍ਰੋਫੈਸਰ ਰਮਿੰਦਰ ਕੌਰ ਨੂੰ ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਦੀ ਜਨਰਲ ਕੌਂਸਲ ਦਾ ਪੰਜ ਸਾਲ ਲਈ ਮੈਂਬਰ ਨਿਯੁਕਤ ਕੀਤਾ ਗਿਆ ਹੈ।

10. ਹਿਊਮਨ ਜੈਨੇਟਿਕਸ ਵਿਭਾਗ ਵੱਲੋਂ ਅੱਖਾਂ ਦੇ ਵਿਸ਼ਵ ਪ੍ਰਸਿੱਧ ਮਾਹਿਰ Dr. Richard J.Fugo, Director, Fugo Eye Institute, Pennsylvania, USA ਜਿਨ੍ਹਾਂ ਨੇ Fugo blade ਦੀ ਖੋਜ ਕੀਤੀ, ਦਾ ਮਿਤੀ 5 ਦਸੰਬਰ ਨੂੰ 'Invention of fugo blade and its applications' ਵਿਸ਼ੇ ਤੇ ਲੈਕਚਰ ਆਯੋਜਿਤ ਕੀਤਾ ਗਿਆ।

11. ਡਾ. ਸੁਖਦੇਵ ਸਿੰਘ, ਮੁਖੀ, ਫਿਜ਼ੀਕਲ ਐਜੂਕੇਸ਼ਨ ਵਿਭਾਗ ਨੇ ਮਿਤੀ 2 ਨਵੰਬਰ ਤੋਂ 7 ਨਵੰਬਰ ਨੂੰ ਚੀਨ ਵਿਖੇ ਹੋਈ 17ਵੀਂ ਏਸ਼ੀਆ ਮਾਸਟਰਜ਼ ਐਥਲੈਟਿਕਸ ਪ੍ਰਤੀਯੋਗਤਾ ਟ੍ਰਿਪਲ ਜੰਪ ਵਿਚ ਹਿੱਸਾ ਲਿਆ ਅਤੇ ਚੌਥੀ ਵਾਰ ਗੋਲਡ ਮੈਡਲ ਜਿੱਤਿਆ।

12. ਯੂਨੀਵਰਸਿਟੀ ਦੇ ਆਲ ਇੰਡੀਆ ਸਰਵਿਸਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟਿਟਿਵ ਐਗਜ਼ਾਮੀਨੇਸ਼ਨਜ਼ ਦੇ 6 ਵਿਦਿਆਰਥੀਆਂ ਨੇ ਪੰਜਾਬ ਸਿਵਲ ਸਰਵਿਸਜ਼ ਦੀ ਮੁਢਲੀ ਪ੍ਰੀਖਿਆ ਵਿਚ ਸਫਲਤਾ ਹਾਸਿਲ ਕੀਤੀ ਹੈ।

**ਸਿੰਡੀਕੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

**ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

23. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 17.12.2012 ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।**

24. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 17.12.2012 ਦੀਆਂ ਸਿਫ਼ਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

**ਸਬੰਧਤ ਅਧਿਆਪਕਾਂ ਦੀ ਮੁੜ ਨਿਯੁਕਤੀ ।**

25. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 11.10.2004 ਦੇ ਪੈਰਾ 15 ਦੇ ਅਧਾਰ ਤੇ ਹੇਠ ਲਿਖੇ ਅਧਿਆਪਕਾਂ ਨੂੰ ਮਿਤੀ 31.12.2012 ਨੂੰ ਸੇਵਾ-ਮੁਕਤ ਹੋਣ ਉਪਰੰਤ ਮਿਤੀ 1.1.2013 ਤੋਂ 31.12.2014 ਤੱਕ ਦੋ ਸਾਲ ਲਈ

ਯੂਨੀਵਰਸਿਟੀ ਨਿਯਮਾਂ ਅਨੁਸਾਰ ਬਣਦੀ ਤਨਖਾਹ ਤੇ ਮੁੜ ਨਿਯੁਕਤ ਕੀਤਾ ਜਾਂਦਾ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਅਹੁਦਾ | ਵਿਭਾਗ |
|---|---|---|
| 1. | ਡਾ. ਅਮਰਜੀਤ ਸਿੰਘ ਸੇਠੀ, ਪ੍ਰੋਫੈਸਰ | ਪੰਜਾਬ ਸਕੂਲ ਆਫ ਇਕਨਾਮਿਕਸ |
| 2. | ਡਾ. ਗੁਰਉਪਦੇਸ਼ ਸਿੰਘ, ਪ੍ਰੋਫੈਸਰ | ਅੰਗਰੇਜੀ |
| 3. | ਡਾ. ਸ਼ਾਰਧਾ ਸਿੱਧੂ, ਪ੍ਰੋਫੈਸਰ | ਹਿਊਮਨ ਜੈਨੇਟਿਕਸ |
| 4. | ਡਾ. ਮਨਮੋਹਨ ਸਿੰਘ ਗਿੱਲ, ਪ੍ਰੋਫੈਸਰ | ਸੋਸ਼ਿਆਲੋਜੀ |
| 5. | ਸ੍ਰੀ ਹਰਕਮਲਜੀਤ ਸਿੰਘ, ਐਸੋਸੀਏਟ ਪ੍ਰੋਫੈਸਰ | ਫੂਡ ਸਾਇੰਸ ਤੇ ਟੈਕਨਾਲੋਜੀ |

ਡਾ. ਪਵਨ ਕਪੂਰ, ਡਾਇਰੈਕਟਰ, CSIO, ਚੰਡੀਗੜ੍ਹ ਦੀ ਇਲੈਕਟ੍ਰੋਨਿਕਸ ਟੈਕਨਾਲੋਜੀ ਵਿਭਾਗ ਵਿਖੇ ਵਿਜ਼ਟਿੰਗ ਪ੍ਰੋਫੈਸਰ ਵਜੋਂ ਨਿਯੁਕਤੀ ।

26. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਪਵਨ ਕਪੂਰ, ਡਾਇਰੈਕਟਰ, CSIO, ਚੰਡੀਗੜ੍ਹ ਨੂੰ ਇਸ ਯੂਨੀਵਰਸਿਟੀ ਦੇ ਇਲੈਕਟ੍ਰੋਨਿਕਸ ਟੈਕਨਾਲੋਜੀ ਵਿਭਾਗ ਵਿਖੇ ਮਿਤੀ 1.1.2013 ਤੋਂ ਛੇ ਮਹੀਨੇ ਲਈ ਵਿਜ਼ਟਿੰਗ ਪ੍ਰੋਫੈਸਰ ਵਜੋਂ ਨਿਯੁਕਤ ਕੀਤਾ ਜਾਂਦਾ ਹੈ।

ਇਹ ਵੀ **ਪਾਸ ਹੋਇਆ** ਕਿ ਯੂਨੀਵਰਸਿਟੀ/ਸਬੰਧਤ ਅਧਿਆਪਕ ਤੇ ਇਕ ਮਹੀਨੇ ਦੇ ਨੋਟਿਸ ਸਬੰਧੀ ਸ਼ਰਤ ਲਾਗੂ ਹੋਵੇਗੀ।

ਲੈਫ. ਕਰਨਲ(ਰਿਟਾ.) ਸ. ਹਰਬੰਸ ਸਿੰਘ ਦੀ ਸੁੱਰਖਿਆ ਅਫਸਰ ਵਜੋਂ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪਰਵਾਨਗੀ।

27. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵਿਖੇ ਕੰਟ੍ਰੈਕਟ ਅਧਾਰ ‘ਤੇ ਸੁੱਰਖਿਆ ਅਫਸਰ ਵਜੋਂ ਨਿਯੁਕਤ ਲੈਫ. ਕਰਨਲ(ਰਿਟਾ.) ਸ. ਹਰਬੰਸ ਸਿੰਘ ਦੀ ਨਿਯੁਕਤੀ ਦੀ ਮਿਆਦ ਵਿਚ 1.1.2013 ਤੋ 31.12.2014 ਤੱਕ, ਦੋ ਸਾਲ ਲਈ ਵਾਧਾ ਕੀਤਾ ਜਾਂਦਾ ਹੈ ਅਤੇ ਉਨਾਂ ਦੀ ਬੱਝਵੀ ਤਨਖਾਹ 35000/- ਰੁਪਏ ਪ੍ਰਤੀ ਮਹੀਨਾ ਕੀਤੀ ਜਾਂਦੀ ਹੈ।

ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਨੂੰ ਸਿੱਧੀ ਭਰਤੀ/ ਪ੍ਰੋਮੋਸ਼ਨ ਦੇਣ ਲਈ ਰਿਜਰਵੇਸ਼ਨ ਪਾਲਸੀ ਲਾਗੂ ਕਰਨ ਹਿਤ ਨਿਯਮਾਂ ਵਿਚ ਸੋਧ ਦੀ ਪਰਵਾਨਗੀ।

28. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵਿਖੇ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਨੂੰ ਵੱਖ-ਵੱਖ ਅਸਾਮੀਆਂ ਲਈ ਸਿੱਧੀ ਭਰਤੀ/ਪ੍ਰੋਮੋਸ਼ਨ ਦੇਣ ਹਿਤ ਰਿਜਰਵੇਸ਼ਨ ਨੀਤੀ ਲਾਗੂ ਕਰਨ ਲਈ ‘The Punjab Scheduled Castes and Backward classes (Reservation in Services) Act 2006 (Punjab Act No. 22 of 2006)’ ਨੂੰ ਮੁੱਖ ਰੱਖਦਿਆਂ

(ੳ) ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 38 ਤੇ ਹੈਡਿੰਗ ‘General’ ਅਧੀਨ ਸਟੈਚਿਊਟ (v) ਦਾ ਹੇਠ ਲਿਖੇ ਅਨੁਸਾਰ ਵਾਧਾ ਕੀਤਾ ਜਾਂਦਾ ਹੈ:-

> (v) Reservation Policy regarding Promotion of various categories of employees shall be as prescribed by the Punjab Government from time to time.

(ਅ) ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 175 ਤੇ

ਦਰਜ ਰਾਖਵੇਂਕਰਨ ਸਬੰਧੀ ਨਿਯਮਾਂ ਵਿਚ **ਅੰਤਿਕਾ** ਅਨੁਸਾਰ ਸੋਧ/ ਵਾਧਾ ਕੀਤਾ ਜਾਂਦਾ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

ਇਹ ਵੀ **ਪਾਸ ਹੋਇਆ** ਕਿ ਰਿਜਰਵੇਸ਼ਨ ਨੀਤੀ ਲਾਗੂ ਕਰਨ ਸਬੰਧੀ ਕਮੇਟੀ ਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਦੇ ਕੰਪਿਊਟਰ ਵੱਟੇ ਖਾਤੇ ਪਾਉਣ ਦੀ ਪਰਵਾਨਗੀ।

29. ਵਿਚਾਰ ਉਪਰੰਤ

**ਪਾਸ ਹੋਇਆ** ਕਿ ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵਿਖੇ 1192846/- ਰੁਪਏ ਕੀਮਤ ਦੇ ਕੰਪਿਊਟਰ/ਕੰਪਿਊਟਰ ਪਾਰਟਸ ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 4.12.2012 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਮਿਸ. ਵਨੀਤ ਧਾਲੀਵਾਲ, ਸਹਾਇਕ ਪ੍ਰੋਫੈਸਰ, ਇਲੈਕਟ੍ਰੋਨਿਕਸ ਕਮਿਊਨਿਕੇਸ਼ਨ ਅਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਜਲੰਧਰ ਦੇ ਨਾਮ ਦੀ ਦਰੁਸਤੀ।

30. ਸਿੰਡੀਕੇਟ ਨੇ **ਨੋਟ ਕੀਤਾ** ਕਿ ਉਪ-ਕੁਲਪਤੀ ਸਾਹਿਬ ਵੱਲੋਂ ਹੋਏ ਆਦੇਸ਼ਾਂ ਅਨੁਸਾਰ ਇਲੈਕਟ੍ਰੋਨਿਕਸ ਕਮਿਊਨਿਕੇਸ਼ਨ ਅਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਜਲੰਧਰ ਵਿਖੇ ਸਹਾਇਕ ਪ੍ਰੋਫੈਸਰ ਵਜੋਂ ਨਿਯੁਕਤ ਮਿਸ ਵਨੀਤ ਧਾਲੀਵਾਲ ਦੇ ਵਿਦਿਅਕ ਯੋਗਤਾਵਾਂ ਦੇ ਸਰਟੀਫਿਕੇਟ ਵਨੀਤ ਗਰੇਵਾਲ ਦੇ ਨਾਮ ਹੋਣ ਕਰਕੇ ਉਸ ਦੇ ਨਾਮ ਵਿਚ 'ਵਨੀਤ ਧਾਲੀਵਾਲ' ਤੋਂ 'ਵਨੀਤ ਗਰੇਵਾਲ' ਦੇ ਨਾਮ ਦੀ ਦਰੁਸਤੀ ਕੀਤੀ ਗਈ ਹੈ।

ਡਾ. ਸ਼ਾਮ ਸੁੰਦਰ ਮਲਿਕ, ਪ੍ਰੋਫੈਸਰ, ਫਿਜਿਕਸ ਵਿਭਾਗ ਨੂੰ ਸਬੈਟੀਕਲ ਛੁੱਟੀ ਦੀ ਪਰਵਾਨਗੀ।

31. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 78 ਉਤੇ ਸਟੈਚਿਊਟ 92 ਅਧੀਨ ਡਾ. ਸ਼ਾਮ ਸੁੰਦਰ ਮਲਿਕ, ਪ੍ਰੋਫੈਸਰ , ਫਿਜਿਕਸ ਵਿਭਾਗ ਨੂੰ IIT, Roorkee ਵਿਖੇ ਖੋਜ-ਕਾਰਜ ਕਰਨ ਹਿਤ ਮਿਤੀ 2.1.2013 ਤੋਂ 30.6.2013 ਤੱਕ ਛੇ ਮਹੀਨੇ ਲਈ ਸਬੈਟੀਕਲ ਛੁੱਟੀ ਪਰਵਾਨ ਕੀਤੀ ਜਾਂਦੀ ਹੈ।

ਡਾ. ਸਾਜਿਦ ਹੁਸੈਨ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਮਾਈਕ੍ਰੋਬਿਆਲੋਜੀ ਵਿਭਾਗ ਦੀ ਡਿਊਟੀ ਲੀਵ ਦੀ ਪੁਸ਼ਟੀ।

32. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 64 ਉੱਤੇ ਸਟੈਚਿਊਟ 79 ਅਧੀਨ ਡਾ. ਸਾਜਿਦ ਹੁਸੈਨ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਮਾਈਕ੍ਰੋਬਿਆਲੋਜੀ ਵਿਭਾਗ ਨੂੰ INSA Fellowship ਅਵੇਲ ਕਰਨ ਲਈ ਮਿਤੀ 26.12.2012 ਤੋਂ 25.3.2013 ਤੱਕ ਡਿਊਟੀ ਲੀਵ ਪਰਦਾਨ ਕੀਤੀ ਹੈ।

ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।

33. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਉਨ੍ਹਾਂ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਪੂਜਾ | Design and Synthesis of Indole Scaffolds: Evaluation as Antibacterial, Antifungal, Antiinflammatory Agents and MDR Modulators. | ਕੈਮਿਸਟਰੀ- ਸਾਇੰਸਜ਼ ਫੈਕਲਟੀ। |
| 2. | ਨੈਨਾ ਸ਼ਰਮਾ | Synthetic and Bioactivity Investigations of some Phenolic and Heteroaromatic Compounds. | - ਉਹੀ - |
| 3. | ਰਾਮਾ | Panchayati Raj Institutions and Rural Development: A Sociological Study. | ਸੋਸ਼ਿਆਲੋਜੀ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 4. | ਸਤਿੰਦਰ ਕੁਮਾਰ | "Productivity Analysis of Small Scale Industrial Sector in Punjab and Haryana: A Comparative Study" | ਇਕਨਾਮਿਕਸ- ਇਕਨਾਮਿਕਸ ਐਂਡ ਬਿਜ਼ਨੈਸ ਫੈਕਲਟੀ। |
| 5. | ਦੀਪ ਕਮਲ ਕੌਰ | Electronic Charactristics of Cationic and Anionic Bases of DNA for Molecular Devices. | ਇਲੈਕਟ੍ਰੋਨਿਕਸ ਟੈਕਨਾਲੋਜੀ- ਇੰਜੀਨੀਅਰਿੰਗ ਤੇ ਟੈਕਨਾਲੋਜੀ ਫੈਕਲਟੀ। |
| 6. | ਪਰਦੀਪ ਸਿੰਘ | Synthetic Studies and Evaluation of some Functionalized β-Lactam Derivatives. | ਅਪਲਾਈਡ ਕੈਮਿਸਟਰੀ- ਅਪਲਾਈਡ ਸਾਇੰਸਜ਼ ਫੈਕਲਟੀ। |
| 7. | ਮਧੂਨੀਕਾ ਸ਼ਰਮਾ | Studies on Anticancer Agents from Ocimum viride, Ocimum carnosum and Vallaris solanacea. | ਮੋਲੀਕਿਊਲਰ ਬਿਆਲੋਜੀ ਤੇ ਬਾਇਓਕੈਮਿਸਟਰੀ- ਲਾਈਫ ਸਾਇੰਸਜ਼ ਫੈਕਲਟੀ। |
| 8. | ਤਰੁਣਪ੍ਰੀਤ ਸਿੰਘ ਥਿੰਦ | Bioprospection of Schleichera oleosa (Lour.) Oken for its Antiproliferative and Antioxidative Potential. | ਬੋਟਨੀ- ਲਾਈਫ ਸਾਇੰਸਜ਼ ਫੈਕਲਟੀ। |
| 9. | ਸਵਿਤਾ | In vitro Production of Phytophthora parasitica Dast. Resistant Plants of Citrus Jambhiri Lush. Through Induced Mutagenesis. | - ਉਹੀ - |
| 10. | ਨਮਰਤਾ ਸੰਧੂ | Impact of Television Commercials on the Ethical Values of the Society. | ਬਿਜ਼ਨੈਸ ਐਡਮਿਨਿਸਟ੍ਰੇਸ਼ਨ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 11. | ਦਿਨੇਸ਼ ਲਖਨਪਾਲ | Effects of Chronic Valproic Acid Treatment on Reproductive Neuroendocrine Plasticity in Cycling Female Rats. | ਬਾਇਓਟੈਕਨਾਲੋਜੀ- ਲਾਈਫ ਸਾਇੰਸਜ਼ ਫੈਕਲਟੀ। |
| 12. | ਹਰਿੰਦਰ ਸਿੰਘ | ਪੰਜਾਬ ਦੇ ਬੌਰੀਆ ਕਬੀਲੇ ਦਾ ਸਭਿਆਚਾਰਕ ਮਾਨਵ-ਵਿਗਿਆਨਕ ਅਧਿਐਨ। | ਪੰਜਾਬੀ- ਲੈਂਗੂਏਜ਼ਿਜ਼ ਫੈਕਲਟੀ। |

| | | | |
|---|---|---|---|
| 13. | ਪ੍ਰਭਜੀਤ ਕੌਰ | ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਪੇਸ਼ ਕਿਸਾਨੀ ਦਾ ਸਮਾਜ-ਇਤਿਹਾਸਮੂਲਕ ਅਧਿਐਨ। | - ਉਹੀ - |

**ਯੂਨੀਵਰਸਿਟੀ ਵਿਖੇ ਕੰਮ ਕਰ ਰਹੇ ਨਾਨ-ਟੀਚਿੰਗ ਕਰਮਚਾਰੀਆਂ ਵੱਲੋਂ ਯੂਨੀਵਰਸਿਟੀ ਬੱਸਾਂ ਦੀ ਆਵਾਜਾਈ ਦੀ ਸਹੂਲਤ ਲੈਣ/ ਕਨਵੇਂਐਂਸ ਅਲਾਊਂਸ ਲੈਣ ਸਬੰਧੀ।**

34. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵਿਖੇ ਕੰਮ ਕਰ ਰਹੇ ਨਾਨ-ਟੀਚਿੰਗ ਕਰਮਚਾਰੀਆਂ ਵੱਲੋਂ ਯੂਨੀਵਰਸਿਟੀ ਬੱਸਾਂ ਦੀ ਆਵਾਜਾਈ ਦੀ ਸਹੂਲਤ ਲੈਣ/ ਕਨਵੇਂਐਂਸ ਅਲਾਊਂਸ ਲੈਣ ਸਬੰਧੀ ਲੀਗਲ ਐਡਵਾਈਜ਼ਰ ਦੀ ਹੇਠ ਲਿਖੀ ਰਾਏ ਪਰਵਾਨ ਕੀਤੀ ਜਾਂਦੀ ਹੈ:-

> "I have gone through the file and it is crystal clear that non-teaching staff is getting conveyance allowance and are using University Buses also as conveyance during their job. As such, such employees are availing two facilities i.e. use of Buses at subsidized rates and at the same time are taking conveyance allowance also. I am of the considered opinion that if non-teaching staff is availing the conveyance allowance then they are not entitled to the concessional use or use of the Buses as conveyance and if they want to avail the University Buses as conveyance then they should not be given the conveyance allowance. Such staff members should enjoy only one facility i.e. University Buses or conveyance allowance."

**Centre for Distance Education ਦਾ ਨਾਂ ਬਦਲ ਕੇ Centre for Capacity Enhancement Programme ਕਰਨ ਦੀ ਪਰਵਾਨਗੀ।**

35. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 30.10.2012 ਦੇ ਪੈਰਾ ਨੰ: 30 ਅਨੁਸਾਰ ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮ ਅਧੀਨ ਚਲ ਰਹੇ ਕੋਰਸਾਂ ਦਾ Nomenclature ਬਦਲ ਕੇ Capacity Enhancement Programme ਕਰਨ ਕਰਕੇ 'Centre for Distance Education' ਦਾ ਨਾਂ ਬਦਲ ਕੇ 'Centre for Capacity Enhancement Programme' ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਅਧਿਆਪਕਾਂ ਨੂੰ ਸਟੱਡੀ ਲੀਵ ਪਰਦਾਨ ਕਰਨ ਦੀ ਪਰਵਾਨਗੀ।**

36. ਸਟੱਡੀ ਲੀਵ ਕੇਸਾਂ ਤੇ ਵਿਚਾਰ ਹਿਤ ਗਠਿਤ ਐਡਵਾਈਜ਼ਰੀ ਕਮੇਟੀ ਦੀ ਇੱਕਤਰਤਾ ਮਿਤੀ 18.12.2012 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਮਿਸ. ਪੰਕਜ ਦੀਪ ਕੌਰ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ, ਰਿਜਨਲ ਕੈਂਪਸ, ਜਲੰਧਰ ਨੂੰ ਪੀਐਚ.ਡੀ. ਸਬੰਧੀ ਖੋਜ-ਕਾਰਜ ਪੂਰਾ ਕਰਨ ਲਈ ਮਿਤੀ 16.1.2013 ਤੋਂ ਇਕ ਸਾਲ ਲਈ (ਪੂਰੀ ਤਨਖਾਹ 'ਤੇ) ਸਟੱਡੀ ਲੀਵ ਵਿਚ ਵਾਧਾ ਕੀਤਾ ਜਾਂਦਾ ਹੈ।

(ਅ) ਮਿਸ. ਵਰਿੰਦਰ ਕੌਰ, ਅਸਿਸਟੈਂਟ ਪ੍ਰੋਫੈਸਰ, ਅਪਲਾਈਡ ਕੈਮੀਕਲ ਸਾਇੰਸਜ਼ ਅਤੇ ਟੈਕਨਾਲੋਜੀ ਵਿਭਾਗ ਨੂੰ ਪੀਐਚ.ਡੀ. ਸਬੰਧੀ ਖੋਜ-ਕਾਰਜ ਪੂਰਾ ਕਰਨ ਲਈ ਮਿਤੀ 3.1.2013 ਤੋਂ 2.6.2013 ਤੱਕ ਛੇ ਮਹੀਨੇ ਲਈ (ਪੂਰੀ ਤਨਖਾਹ 'ਤੇ) ਸਟੱਡੀ ਲੀਵ ਪਰਦਾਨ ਕੀਤੀ ਜਾਂਦੀ ਹੈ।

ਯੂਨੀਵਰਸਿਟੀ ਦੀ 39ਵੀਂ ਸਲਾਨਾ ਕਨਵੋਕੇਸ਼ਨ 'ਤੇ ਸਨਮਾਨਾਰਥ (Honoris Causa) ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।

37. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਦੋ ਪ੍ਰਤਿਸ਼ਠ ਵਿਅਕਤੀਆਂ ਨੂੰ, ਉਨ੍ਹਾਂ ਦੀ ਉੱਘੀ ਸ਼ਖਸ਼ੀਅਤ ਅਤੇ ਪ੍ਰਾਪਤੀਆਂ ਸਦਕਾ ਯੂਨੀਵਰਸਿਟੀ ਦੀ 39ਵੀਂ ਸਲਾਨਾ ਕਨਵੋਕੇਸ਼ਨ 'ਤੇ ਹਰੇਕ ਅੱਗੇ ਦਰਸਾਏ ਅਨੁਸਾਰ, ਸਨਮਾਨਾਰਥ (Honoris Causa) ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| | | |
|---|---|---|
| 1. | Dr. K.S. Chugh,<br>Emeritus Professor of Nephrology,<br>PGI, Chandigarh. | Doctor of Science<br>in the Faculty of Sciences |
| 2. | Dr. Shivraj Bashettiappa Nakade,<br>Former Vice-Chancellor,<br>Dr. Babasaheb Ambedkar<br>Marathwada University, Aurangabad. | Doctor of Law<br>in the Faculty of Law |

ਇਹ ਵੀ **ਪਾਸ ਹੋਇਆ** ਕਿ ਉਕਤ ਵਿਅਕਤੀਆਂ ਨੂੰ ਟੀ.ਏ./ਡੀ.ਏ. ਦੀ ਅਦਾਇਗੀ ਯੂਨੀਵਰਸਿਟੀ ਨਿਯਮਾਂ ਅਨੁਸਾਰ ਕੀਤੀ ਜਾਵੇਗੀ।

ਅਧਿਆਪਕਾਂ ਦੀ ਤਰੱਕੀ/ ਸਿੱਧੀ ਭਰਤੀ ਲਈ ਵੱਖ-ਵੱਖ ਅਸਾਮੀਆਂ ਲਈ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ।

38. ਹੇਠਾਂ ਦਰਸਾਏ ਅਨੁਸਾਰ ਅਧਿਆਪਕਾਂ ਦੀ ਤੱਰਕੀ/ ਵੱਖ-ਵੱਖ ਅਸਾਮੀਆਂ ਲਈ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਉੱਤੇ ਵਿਚਾਰ ਹੋਈ:-

**<u>Promotions under Career Advancement Scheme</u>**

| | |
|---|---|
| 1. Professor, Human Genetics | Dr. Vasudha Sambyal,<br>Associate Professor |
| 2. Professor, Microbiology | Dr. Sajid Hussain,<br>Associate Professor |

**<u>Direct Recruitment</u>**

1. Professor, Human Genetics.
2. Asstt. Prof., Human Genetics.
3. Asstt. Prof., Molecular Biology & Biochemistry.

**<u>Promotion to Next Stage to Assistant Professors</u>**

1. Dr.Rishi Raj Sharma, Asstt. Prof., Business Mgt., RC, Gurdaspur (Satge II to Stage III)
2. Shri Vikram, Asstt. Prof., Deptt. of Commerce & Business Mgt. (Stage I to Stage II)
3. Dr. (Mrs.) Sarita Rani, Asstt. Librarian (Stage II to Stage III)
4. Sh. S.S. Ghuman, Asstt. Librarian (Stage II to Stage III)
5. Dr. Ravinder Pal Singh, Asstt. Prof., Deptt. of Laws (Stage II to Stage III)
6. Dr. Parminder Kaur, Asstt. Prof., Laws, R.C., Gurdaspur (Stage II to Stage III)
7. Dr. Neena Rosey Kahlon, Asstt. Prof., Deptt. of Sociology (Stage I to Stage II)

**ਪਾਸ ਹੋਇਆ** ਕਿ-

(ੳ) ਯੂ.ਜੀ.ਸੀ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਹੇਠਾਂ ਦਰਸਾਏ ਅਧਿਆਪਕਾਂ ਨੂੰ ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਯੋਗ ਹੋਣ ਦੀ ਮਿਤੀ ਤੋਂ

ਪ੍ਰੋਫੈਸਰ ਵਜੋਂ ਪ੍ਰਮੋਟ ਕੀਤਾ ਜਾਂਦਾ ਹੈ:-

| | |
|---|---|
| 1. Dr. Vasudha Sambyal, Associate Professor, Human Genetics | Stage 5 in the grade of Rs. 37400-67000+ 10000 AGP |
| 2. Dr. Sajid Hussain, Associate Professor, Microbiology | Stage 5 in the grade of Rs. 37400-67000+10000 AGP |

(ਅ) ਵੱਖ-ਵੱਖ ਅਸਾਮੀਆਂ ਲਈ ਸਿੱਧੀ ਭਰਤੀ ਰਾਹੀਂ ਚੋਣ ਸਬੰਧੀ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ ਦੇ ਆਧਾਰ ‘ਤੇ ਹੇਠ ਲਿਖੇ ਅਨੁਸਾਰ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਹੈ:-

1. **Professor, Human Genetics**
   Dr. Vanita D/o Sh. Ram Nath

2. **Assistant Professor, Human Genetics**
   Ms. Sanjna Mehrotra D/o Pradeep Kumar Mehrotra
   (Selected for one year. She has to appear before selection committee within one year of joining)

   **SC/ST Category**
   None found Suitable

3. **Assistant Professor, Molecular Biology & Biochemistry**
   Dr. Gagndeep Kaur Gahlay D/o Dr. Lakha Singh
   (Appointed for one year. She will appear before selection committee within one year of joining)

(ੲ) ਹੇਠਾਂ ਦਰਸਾਏ ਵਿਅਕਤੀਆਂ ਨੂੰ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਯੋਗ ਹੋਣ ਦੀ ਮਿਤੀ ਤੋਂ ਅਗਲੀ ਸਟੇਜ ਵਿਚ ਪਲੇਸ ਕੀਤਾ ਜਾਂਦਾ ਹੈ:-

| | |
|---|---|
| 1. Dr. Rishi Raj Sharma, Asstt. Prof., Business Mgt., RC, Gurdaspur | Stage II to Stage III in the sacle of Rs. 15600-39100+8000 AGP |
| 2. Shri Vikram, Asstt. Prof., Deptt. of Commerce & Business Mgt. | Stage I to Stage II in the sacle of Rs. 15600-39100+7000 AGP |
| 3. Dr. (Mrs.) Sarita Rani, Asstt. Librarian | Stage II to Stage III in the sacle of Rs. 15600-39100+8000 AGP |
| 4. Sh. Surinder Singh, Asstt. Librarian | Stage II to Stage III in the sacle of Rs. 15600-39100+8000 AGP |
| 5. Dr. Ravinder Pal Singh, Asstt. Prof., Deptt. of Laws | Stage II to Stage III in the sacle of Rs. 15600-39100+8000 AGP |
| 6. Dr. Parminder Kaur, Asstt. Prof., Laws, RC, Gurdaspur | Stage II to Stage III in the sacle of Rs. 15600-39100+8000 AGP |
| 7. Dr. Neena Rosey Kahlon, Asstt. Prof., Deptt. of Sociology | Stage I to Stage II in the sacle of Rs. 15600-39100+7000 AGP |

**ਸ੍ਰੀ ਦਵਿੰਦਰ ਪਾਠਕ, ਐਡਵੋਕੇਟ ਨੂੰ ਲੀਗਲ ਸੈੱਲ ਅਤੇ ਆਰ.ਟੀ.ਆਈ. ਸੈੱਲ ਦੇ ਸਲਾਹਕਾਰ ਵਜੋਂ ਨਿਯੁਕਤੀ।**

39. ਸ੍ਰੀ ਦਵਿੰਦਰ ਪਾਠਕ, ਐਡਵੋਕੇਟ, 20, ਰਾਮ ਨਗਰ, ਕਾਂਗੜਾ ਕਲੋਨੀ, ਅੰਮ੍ਰਿਤਸਰ ਨੂੰ ਲੀਗਲ ਸੈਲ ਅਤੇ ਆਰ.ਟੀ.ਆਈ. ਸੈੱਲ ਦਾ ਕੰਮ ਦੇਖਣ ਲਈ 10000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ‘ਤੇ ਹਾਜਰ ਹੋਣ ਦੀ ਮਿਤੀ ਤੋਂ 11 ਮਹੀਨੇ ਲਈ ਓ.ਐਸ.ਡੀ. ਵਜੋਂ ਨਿਯੁਕਤ ਕਰਨ ‘ਤੇ ਵਿਚਾਰ ਹੋਈ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ।

ਨੋਟ:- ਲੀਗਲ ਸੈੱਲ ਅਤੇ ਆਰ.ਟੀ.ਆਈ. ਸੈੱਲ ਦਾ ਕੰਮ ਦੇਖ ਰਹੇ ਸ. ਮਹਿੰਦਰ ਸਿੰਘ, ਸਹਾਇਕ ਰਜਿਸਟਰਾਰ(ਸੇਵਾ-ਮੁਕਤ) ਦੀ ਵਰਤਮਾਨ ਨਿਯੁਕਤੀ ਦੀ ਮਿਆਦ ਮਿਤੀ 31.12.2012 ਨੂੰ ਖਤਮ ਹੋ ਰਹੀ ਹੈ। ਇਸ ਲਈ ਉਕਤ ਕੰਮ ਨਿਪਟਾਉਣ ਲਈ ਸ੍ਰੀ ਦਵਿੰਦਰ ਪਾਠਕ, ਐਡਵੋਕੇਟ ਦੀ ਓ.ਐਸ.ਡੀ. ਵਜੋਂ ਨਿਯੁਕਤੀ ਲੋੜੀਂਦੀ ਹੈ।

**ਪਾਸ ਹੋਇਆ** ਕਿ ਸ੍ਰੀ ਦਵਿੰਦਰ ਪਾਠਕ, ਐਡਵੋਕੇਟ, 20, ਰਾਮ ਨਗਰ, ਕਾਂਗੜਾ ਕਲੋਨੀ, ਅੰਮ੍ਰਿਤਸਰ ਨੂੰ ਆਰ.ਟੀ.ਆਈ. ਸੈੱਲ ਦਾ ਕੰਮ ਦੇਖਣ ਲਈ 10000/- ਰੁਪਏ ਪ੍ਰਤੀ ਮਹੀਨਾ ਮਾਣ ਭੱਤੇ ‘ਤੇ ਹਾਜਰ ਹੋਣ ਦੀ ਮਿਤੀ ਤੋਂ 11 ਮਹੀਨੇ ਲਈ ਸਲਾਹਕਾਰ ਵਜੋਂ ਨਿਯੁਕਤ ਕੀਤਾ ਜਾਂਦਾ ਹੈ।

ਏਜੰਡਾ ਪੂਰਾ ਹੋਣ ਤੋਂ ਬਾਅਦ ਸਿੰਡੀਕੇਟ ਦੇ ਮੈਂਬਰ ਸਾਹਿਬਾਨ ਨੇ ਉਪ-ਕੁਲਪਤੀ ਜੀ ਨੂੰ ਦੱਸਿਆ ਕਿ ਮੀਟੰਗ ਵਿਚ ਆਉਣ ਸਮੇਂ ਉਨ੍ਹਾਂ ਨੂੰ ਅਧਿਆਪਕ ਐਸੋਸੀਏਸ਼ਨ ਵਲੋਂ ਇੱਕ ਮੈਮੋਰੈਂਡਮ ਦਿੱਤਾ ਗਿਆ ਹੈ, ਅਤੇ ਇਸ ਬਾਰੇ ਉਨ੍ਹਾਂ ਨੂੰ ਆਪਣਾ ਪੱਖ ਰੱਖਣ ਲਈ ਕਿਹਾ।ਉਪ-ਕੁਲਪਤੀ ਜੀ ਨੇ ਦੱਸਿਆ ਕਿ ਅਸੀਂ ਯੂਨੀਵਰਸਿਟੀ ਦੇ ਅਕਾਦਮਿਕ ਮਿਆਰ ਨੂੰ ਉੱਚਾ ਚੁੱਕਣ ਲਈ ਵਧੀਆ ਤੋਂ ਵਧੀਆ ਉਮੀਦਵਾਰਾਂ ਦੀ ਸਹਾਇਕ ਪ੍ਰੋਫੈਸਰ ਵਜ਼ੋਂ ਚੋਣ ਕਰ ਰਹੇ ਹਾਂ।ਸਾਨੂੰ ਯੂਨੀਵਰਸਿਟੀ ਵਿਦ ਪੁਟੈਂਸ਼ਲ ਫਾਰ ਐਕਸੀਲੈਂਸ ਦਾ ਦਰਜਾ ਮਿਲਿਆ ਹੈ ਅਤੇ ਦੇਸ਼ ਦੀਆਂ ਮੋਹਰੀ ਯੂਨੀਵਰਸਿਟੀਆਂ ਵਿਚ ਆ ਗਏ ਹਾਂ।ਜਿਹੜੇ ਐਸੋਸੀਏਟ ਪ੍ਰੋਫੈਸਰ ਯੂ.ਜੀ.ਸੀ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਪ੍ਰੋਫੈਸਰ ਵਜੋਂ ਯੋਗ ਹੋਣ ਉਤੇ ਤਰੱਕੀ ਲਈ ਆਪਣਾਂ-ਆਪਣਾਂ ਕੇਸ ਪੇਸ਼ ਕਰਦੇ ਹਨ, ਉਨ੍ਹਾਂ ਨੂੰ ਚੋਣ ਕਮੇਟੀ ਸਾਹਮਣੇ ਪੇਸ਼ ਕੀਤਾ ਜਾਂਦਾ ਹੈ, ਜਿਥੇ ਕਿ ਉਨ੍ਹਾਂ ਦੇ ਖੋਜ-ਕਾਰਜ, ਪਬਲੀਕੇਸ਼ਨਾਂ, ਖੋਜ-ਨਿਰਦੇਸ਼ਨ **(research guidance),** ਅਕਾਦਮਿਕ ਯੋਗਦਾਨ, ਕਾਰਜ ਖੇਤਰ ਦੀ ਸੂਝਬੂਝ **(knowledge domain)** ਅਤੇ ਇੰਟਰਵਿਊ ਵਿਚ ਪ੍ਰਦਰਸ਼ਨ **(performance in interview)** ਨੂੰ ਸਾਹਮਣੇ ਰੱਖ ਦੇ ਉਨ੍ਹਾਂ ਨੂੰ ਤਰੱਕੀ ਦੇਣ ਜਾਂ ਨਾ ਦੇਣ ਬਾਰੇ ਫੈਸਲਾ ਚੋਣ ਕਮੇਟੀ ਵਲੋਂ ਸਮੂਹਿਕ ਤੌਰ ਉਤੇ ਕੀਤਾ ਜਾਂਦਾ ਹੈ।ਜਿਥੇ ਕਿਸੇ ਵਿਭਾਗ ਦਾ ਮੁੱਖੀ ਰੀਡਰ/ਐਸੋਸੀਏਟ ਪ੍ਰੋਫੈਸਰ ਤਰੱਕੀ ਲਈ ਆਪਣਾ ਕੇਸ ਪੇਸ਼ ਕਰਦਾ ਹੈ ਤਾਂ ਉਸ ਲਈ ਵਿਸ਼ੇਸ਼ਗਾਂ ਦਾ ਪੈਨਲ ਡੀਨ, ਫੈਕਲਟੀ ਜਾਂ ਡੀਨ, ਅਕਾਦਮਿਕ ਮਾਮਲੇ ਕੋਲੋਂ ਲਿਆ ਜਾਂਦਾ ਹੈ ਅਤੇ ਉਸ ਅਨੁਸਾਰ ਚੋਣ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ।ਉਪ- ਕੁਲਪਤੀ ਜੀ ਨੇ ਇਹ ਵੀ ਦੱਸਿਆ ਕਿ ਕਈ ਵਾਰੀ ਪੈਨਲ ਵਿਚਲੇ ਵਿਸ਼ੇਸ਼ਗ ਕਿਸੇ ਕਾਰਨ ਕਰਕੇ ਚੋਣ ਕਮੇਟੀ ਦੀ ਇਕੱਤਰਤਾ ਵਿਚ ਭਾਗ ਲੈਣ ਤੋਂ ਅਸਮਰਥਾ ਪ੍ਰਗਟ ਕਰ ਦੇਂਦੇ ਹਨ।ਅਜਿਹੇ ਹਾਲਾਤਾਂ ਵਿਚ ਚੋਣ ਕਮੇਟੀ ਗਠਿਤ ਕਰਨ ਲਈ ਵਿਸ਼ੇਸ਼ਗਾਂ ਦੀ ਨਿਯੁਕਤੀ ਪੈਨਲ ਤੋਂ ਬਾਹਰੋਂ ਵੀ ਕੀਤੀ ਜਾਂਦੀ ਹੈ ।ਅਜਿਹਾ ਉਨ੍ਹਾਂ ਤੋਂ ਪਹਿਲਾਂ ਰਹਿ ਚੁੱਕੇ ਉਪ-ਕੁਲਪਤੀਆਂ ਦੇ ਸਮੇਂ ਵੀ ਹੁੰਦਾ ਰਿਹਾ ਹੈ।ਇਹ ਵੀ ਦੱਸਿਆ ਗਿਆ ਕਿ ਸਿੰਡੀਕੇਟ ਵਲੋਂ ਪਹਿਲਾਂ ਹੀ ਉਪ-ਕੁਲਪਤੀ ਨੂੰ ਸਾਰੀਆਂ ਚੋਣ ਕਮੇਟੀਆਂ ਗਠਿਤ ਕਰਨ ਦੇ ਅਧਿਕਾਰ ਦਿੱਤੇ ਹੋਏ ਹਨ।ਚੋਣ ਕਮੇਟੀ ਦਾ ਉਦੇਸ਼ ਹੁੰਦਾ ਹੈ ਕਿ ਪ੍ਰੋਫੈਸਰ ਵਜੋਂ ਨਿਯੁਕਤ/ਪ੍ਰੋਮੋਟ ਹੋਣ ਵਾਲਾ ਅਧਿਆਪਕ ਉੱਚ ਅਕਾਦਮਿਕ ਮਿਆਰ ਵਾਲਾ ਹੋਵੇ।

ਸਿੰਡੀਕੇਟ ਦੇ ਸਮੂਹ ਮੈਂਬਰ ਸਾਹਿਬਾਨ ਨੇ ਕਿਹਾ ਕਿ ਉਪ-ਕੁਲਪਤੀ ਜੀ ਯੂਨੀਵਰਸਿਟੀ ਦਾ ਅਕਾਦਮਿਕ ਮਿਆਰ ਉਚਾ ਚੁੱਕਣ ਲਈ ਅਣਥੱਕ ਮਿਹਨਤ ਅਤੇ ਯਤਨ ਕਰ ਰਹੇ ਹਨ।ਵਧੀਆ ਵਧੀਆ ਅਧਿਆਪਕ ਭਰਤੀ ਕਰ ਰਹੇ ਹਨ ਅਤੇ

ਉਨ੍ਹਾਂ ਦੀ ਰਹਿਨੁਮਾਈ ਵਿਚ ਯੂਨੀਵਰਸਿਟੀ ਨੇ ਬਹੁਤ ਤਰੱਕੀ ਕੀਤੀ ਹੈ। ਸਿੰਡੀਕੇਟ ਦੇ ਸਮੂਹ ਮੈਂਬਰ ਸਾਹਿਬਾਨ ਨੇ ਕਿਹਾ ਕਿ ਉਪ-ਕੁਲਪਤੀ ਜੀ ਦਾ ਸਟੈਂਡ ਬਿਲਕੁਲ ਸਹੀ ਹੈ ਕਿਉਂਕਿ ਉਹ ਜੋ ਕਰ ਰਹੇ ਹਨ, ਨਿਯਮਾਂ ਅਨੁਸਾਰ ਕਰ ਰਹੇ ਹਨ ਅਤੇ ਇਸ ਲਈ ਉਹ ਉਪ-ਕੁਲਪਤੀ ਵਲੋਂ ਕੀਤੀ ਜਾ ਰਹੀ ਕਾਰਵਾਈ ਦਾ ਪੂਰਾ ਸਮਰਥਨ ਕਰਦੇ ਹਨ।

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ।

ਸਹੀ/-
(ਅ.ਸ. ਬਰਾੜ)
ਉਪ-ਕੁਲਪਤੀ